# ਪੰਜਾਬੀ ਨਾਟਕ ਲਹਿਰ ਅਤੇ ਯਥਾਰਥਵਾਦੀ ਨਾਟਕ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



27 ਮਾਰਚ ਵਿਸ਼ਵ ਥੀਏਟਰ ਦਿਵਸ ਹੁੰਦਾ ਹੈ। ਨਾਟਕ ਦੇ ਨਾਲ ਜੁੜੀਆਂ ਸੰਸਥਾਵਾਂ ਇਸ ਦਿਨ ਥੀਏਟਰ ਨੂੰ ਦਰਪੇਸ਼ ਮਸਲਿਆਂ ਬਾਰੇ ਸੋਚ-ਵਿਚਾਰ ਕਰਦੀਆਂ ਹਨ। ਪੰਜਾਬ ਵਿਚ ਇਸ ਸਾਲ ਇਹ ਦਿਨ ਪੰਜਾਬੀ ਕਲਾਕਾਰ ਸੰਸਥਾ ਵਲੋਂ ਅਸ਼ੋਕ ਪੁਰੀ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਵਿਚ ਵੀ ਮਨਾਇਆ ਗਿਆ ਅਤੇ ਡਾ. ਅਜਮੇਰ ਔਲਖ ਦੀ ਪਹਿਲਕਦਮੀ ਸਦਕਾ ਪੰਜਾਬ ਆਰਟ ਕੌਂਸਲ ਅਤੇ ਕੇਂਦਰੀ ਪੰਜਾਬੀ ਰੰਗਮੰਚ ਸਭਾ ਦੇ ਸਹਿਯੋਗ ਨਾਲ ਵੱਡੀ ਪੱਧਰ ਉਤੇ ਮਾਨਸਾ ਵਿਚ ਵੀ ਮਨਾਇਆ ਗਿਆ। ਥੀਏਟਰ ਕਲਾਕਾਰਾਂ, ਆਲੋਚਕਾਂ ਅਤੇ ਥੀਏਟਰ ਵਿਚ ਦਿਲਚਸਪੀ ਰੱਖਣ ਵਾਲਿਆਂ ਦਾ ਵੱਡਾ ਇਕੱਠ ਹੋਇਆ।

ਪੰਜਾਬੀ ਥੀਏਟਰ ਦੀ ਮੌਜੂਦਾ ਸਥਿਤੀ ਬਾਰੇ ਪਰਚੇ ਵੀ ਪੜ੍ਹੇ ਗਏ ਅਤੇ ਇਹ ਵਿਚਾਰ ਵਟਾਂਦਰਾ ਵੀ ਕੀਤਾ ਗਿਆ ਕਿ ਪੰਜਾਬ ਵਿਚ ਥੀਏਟਰ ਦਾ ਵਿਕਾਸ ਕਿਸ ਤਰ੍ਹਾਂ ਹੋ ਸਕਦਾ ਹੈ। ਸਰਕਾਰੀ, ਨੀਮ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਦੀ ਭੂਮਿਕਾ ਬਾਰੇ ਵੀ ਖੁੱਲ੍ਹ ਕੇ ਵਿਚਾਰ ਕੀਤੀ ਗਈ। ਇਸ ਵਿਚਾਰ ਚਰਚਾ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਭਾਵੇਂ ਪੰਜਾਬ ਵਿਚ ਨਾਟਕ ਸਰਗਰਮੀਆਂ ਅੱਗੇ ਦੇ ਮੁਕਾਬਲੇ ਵਿਚ ਬਹੁਤ ਵਧ ਗਈਆਂ ਹਨ ਅਤੇ ਪੇਂਡੂ ਖੇਤਰ ਵਿਚ ਵੀ ਇਨ੍ਹਾਂ ਸਰਗਰਮੀਆਂ ਦਾ ਵਾਧਾ ਹੋਇਆ ਹੈ ਪਰ ਥੀਏਟਰ ਹਾਲੀਂ ਪੰਜਾਬ ਦੇ ਜਨਸਮੂਹ ਦੀ ਜ਼ਿੰਦਗੀ ਦਾ ਹਿੱਸਾ ਨਹੀਂ ਬਣ ਸਕਿਆ। ਲੋਕਾਂ ਦੀ ਸਮੁੱਚੀ ਸੰਵੇਦਨਸ਼ੀਲਤਾ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਚੰਗਾ ਥੀਏਟਰ ਕੀਤਾ ਜਾਵੇ ਅਤੇ ਥੀਏਟਰ ਦੀਆਂ ਸਰਗਰਮੀਆਂ ਨੂੰ ਵੱਧ ਤੋਂ ਵੱਧ ਲੋਕਾਂ ਤਕ ਲਿਜਾਇਆ ਜਾਏ।

ਨਾਟਕ ਇਕ ਦ੍ਰਿਸ਼-ਕਲਾ ਹੈ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਦੇ ਮੁਕਾਬਲੇ ਵਿਚ ਇਸ ਵਿਧਾ ਦੀ ਮਕਬੂਲੀਅਤ ਦੀ ਬਹੁਤੀ ਸੰਭਾਵਨਾ ਹੈ। ਅੱਗੋਂ ਇਸ ਸਿਲਸਿਲੇ ਵਿਚ ਨਾਟਕ ਮੇਲਿਆਂ ਅਤੇ ਉਨ੍ਹਾਂ ਵਿਚ ਪੇਸ਼ ਕੀਤੇ ਨਾਟਕਾਂ ਦੀ ਖਾਸ ਅਹਿਮੀਅਤ ਹੈ। ਨਾਟਕ ਜਿੰਨੇ ਲੋਕਾਂ ਦੀ ਜ਼ਿੰਦਗੀ ਨਾਲ ਜੁੜਦੇ ਹੋਣਗੇ, ਉਨਾ ਬਹੁਤਾ ਉਹ ਲੋਕਾਂ ਨੂੰ ਪ੍ਰਭਾਵਤ ਕਰਨਗੇ।

ਮਾਨਸਾ ਵਿਚ ਦੋ ਰਾਤਾਂ ਦਾ ਸਫਲ ਨਾਟਕ ਮੇਲਾ ਇਸ ਕਥਨ ਦੇ ਸੱਚ ਦਾ ਸੂਚਕ ਹੈ। ਇਸੇ ਸਿਲਸਲੇ ਵਿਚ ਹੀ ਨਾਟਕ 'ਵੀਰਾਨ ਧਰਤੀ ਵੀਰਾਨ ਲੋਕ' ਦੀ ਗੱਲ ਇਥੇ ਕੀਤੀ ਜਾ ਰਹੀ ਹੈ। ਇਹ ਨਾਟਕ ਪਹਿਲੀ ਮਈ ਨੂੰ ਲੁਧਿਆਣਾ ਵਿਚ ਪੇਸ਼ ਹੋ ਰਿਹਾ ਹੈ।

ਪੰਜਾਬ ਵਿਚ ਸਾਰੀ ਰਾਤ ਦੇ ਨਾਟਕ ਮੇਲੇ ਹੁਣ ਨਾਟਕ ਲਹਿਰ ਦਾ ਇਕ ਅਹਿਮ ਭਾਗ ਬਣ ਚੁੱਕੇ ਹਨ। ਇਨ੍ਹਾਂ ਨਾਟਕ ਮੇਲਿਆਂ ਵਿਚ ਪਹਿਲੀ ਨਵੰਬਰ ਦਾ ਗਦਰੀ ਬਾਬਿਆਂ ਦਾ ਨਾਟਕ ਮੇਲਾ, 25-26 ਜਨਵਰੀ ਦੀ ਦਰਮਿਆਨੀ ਰਾਤ ਦਾ ਪਲਸ ਮੰਚ ਦਾ ਨਾਟਕ ਮੇਲਾ ਅਤੇ ਲੁਧਿਆਣਾ ਵਿਚ ਪਹਿਲੀ ਮਈ ਦਾ ਪਲਸ ਮੰਚ ਦਾ ਨਾਟਕ ਮੇਲਾ ਵੀ ਸ਼ਾਮਲ ਹਨ। ਇਸ ਸਾਲ ਇਸ ਮੇਲੇ ਵਿਚ ਨੌਂ ਨਾਮਵਰ ਨਿਰਦੇਸ਼ਕਾਂ ਵਲੋਂ ਚਾਰ ਨਾਟਕ ਪੇਸ਼ ਹੋ ਰਹੇ ਹਨ, ਉਨ੍ਹਾਂ ਵਿਚੋਂ ਇਕ ਨਾਟਕ ਅੰਗਰੇਜ਼ੀ ਦੇ ਪ੍ਰਸਿੱਧ ਨਾਵਲ 'ਤਬਾਕੂ ਰੋਡ' ਉਤੇ ਆਧਾਰਿਤ 'ਵੀਰਾਨ ਧਰਤੀ ਵੀਰਾਨ ਲੋਕ' ਹੈ। ਇਹ ਨਾਵਲ ਲਾਤੀਨੀ ਅਮਰੀਕਾ ਦੇ ਇਕ ਦੇਸ਼ ਦੇ ਇਕ ਕਿਸਾਨ ਦੀ ਕਹਾਣੀ ਹੈ। ਇਸ ਦੀ ਮੁੱਖ ਸਮੱਸਿਆ ਉਹੀ ਹੈ, ਜੋ ਅੱਜ ਪੰਜਾਬ ਦੇ ਕਿਸਾਨਾਂ ਨੂੰ ਦਰਪੇਸ਼ ਹੈ। ਇਸੇ ਕਰਕੇ ਇਸ ਨਾਟਕ ਦੀ ਚੋਣ ਕੀਤੀ ਗਈ ਹੈ। ਇਸ ਨਾਟਕ ਦੀ ਪਹਿਚਾਣ ਪਾਠਕਾਂ ਦੀ ਦਿਲਚਸਪੀ ਲਈ ਇਥੇ ਕਰਵਾਈ ਜਾ ਰਹੀ ਹੈ।

ਇਸ ਨਾਟਕ ਦਾ ਵਿਸ਼ਾ ਧਰਤੀ ਅਤੇ ਕਿਸਾਨ ਦਾ ਆਪਸੀ ਰਿਸ਼ਤਾ ਹੈ। ਇਹ ਰਿਸ਼ਤਾ ਇਕ ਡੂੰਘਾ ਰਿਸ਼ਤਾ ਹੈ। ਕਿਸਾਨ ਨੇ ਧਰਤੀ ਤੋਂ ਹੀ ਆਪਣੀਆਂ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ। ਆਪਣੇ ਲਈ, ਆਪਣੇ ਬੱਚਿਆਂ ਲਈ ਰੋਟੀ ਪੈਦਾ ਕਰਨੀ ਹੁੰਦੀ ਹੈ। ਕਿਸਾਨ ਦੀ ਸਾਰੀ ਜ਼ਿੰਦਗੀ ਸੰਕਟ ਵਿਚ ਪੈ ਜਾਂਦੀ ਹੈ, ਜੇ ਧਰਤੀ ਨਾਲ ਉਹਦੇ ਇਸ ਰਿਸ਼ਤੇ ਵਿਚ ਤ੍ਰੇੜ ਪੈ ਜਾਏ। 'ਵੀਰਾਨ ਧਰਤੀ ਵੀਰਾਨ ਲੋਕ' ਇਸੇ ਤ੍ਰੇੜ ਦੀ ਗਾਥਾ ਹੈ। ਇਹ ਇਕ ਕਿਸਾਨ ਜੀਟਰ ਦੀ ਕਹਾਣੀ ਹੈ ਪਰ ਉਹ ਦੁਨੀਆਂ ਦੇ ਕਿਸੇ ਵੀ ਕਿਸਾਨ ਦੀ ਕਹਾਣੀ ਹੋ ਸਕਦੀ ਹੈ।

ਜੀਟਰ ਕਿਸੇ ਵੇਲੇ ਇਕ ਵੱਡੇ ਫਾਰਮ ਵਿਚ ਮੁਜ਼ਾਰੇ ਦੇ ਤੌਰ ਉਤੇ ਕੰਮ ਕਰਦਾ ਸੀ। ਫਸਲ ਬੀਜਦਾ ਸੀ, ਉਹ ਨੂੰ ਪਾਲਦਾ ਸੀ ਅਤੇ ਪੱਕਣ ਉਤੇ ਆਪਣਾ ਹਿੱਸਾ ਲੈਂਦਾ ਸੀ। ਇਸ ਤੋਂ ਪਹਿਲਾਂ ਉਸ ਦਾ ਬਾਪ ਵੀ ਇਸ ਫਾਰਮ ਉਤੇ ਕੰਮ ਕਰਦਾ ਸੀ। ਉਸ਼ ਦਾ ਦਾਦਾ ਵੀ ਇਸੇ ਫਾਰਮ ਉਤੇ ਕੰਮ ਕਰਦਾ ਸੀ।

ਫਾਰਮ ਦੀ ਜ਼ਮੀਨ ਸੇਮ ਦੀ ਮਾਰ ਥੱਲੇ ਆ ਗਈ। ਇਹ ਵੀਰਾਨ ਹੋਣੀ ਸ਼ੁਰੂ ਹੋ ਗਈ। ਮਾਲਕ ਇਹ ਫਾਰਮ ਛੱਡ ਕੇ ਚਲੇ ਗਏ, ਪਰ ਜੀਟਰ ਉਹ ਧਰਤੀ ਨਾ ਛੱਡ ਸਕਿਆ। ਉਹ ਇਸ ਉਮੀਦ ਉਤੇਂ ਬੈਠਾ ਰਿਹਾ ਕਿ ਕਦੀ ਤਾਂ ਦਿਨ ਫਿਰਨਗੇ ਅਤੇ ਸੇਮ ਮਾਰੀ ਧਰਤੀ ਉਤੇ ਭਾਵੇਂ ਹੁਣ ਜੰਗਲੀ ਘਾਹ ਅਤੇ ਬੂਟਿਆਂ ਤੋਂ ਸਿਵਾ ਕੁਝ ਨਹੀਂ ਪੈਦਾ ਹੁੰਦਾ, ਕਦੀ ਤਾਂ ਉਹ ਹਲ ਚਲਾਏਗਾ। ਉਹਦੇ ਬੱਚੇ ਇਕ ਇਕ ਕਰਕੇ ਚਲੇ ਗਏ ਹਨ ਪਰ ਉਹ ਅਤੇ ਉਹਦੀ ਪਤਨੀ ਭੁੱਖ ਅਤੇ ਦੁੱਖ ਦਾ ਮੁਕਾਬਲਾ ਕਰਦੇ ਉਥੇ ਹੀ ਹਨ।

ਮਨੁੱਖੀ ਰਿਸ਼ਤਿਆਂ ਅਤੇ ਮਨੁੱਖੀ ਤਾਂਘ ਦੀ ਇਹ ਇਕ ਲੰਮੀ ਕਹਾਣੀ ਹੈ ਅਤੇ ਹਰ ਇਕ ਲੰਮੀ ਕਹਾਣੀ ਵਾਂਗ ਹੋਰ ਉਪ ਕਹਾਣੀਆਂ ਵੀ ਇਸ ਵਿਚ ਸਮੋਈਆਂ ਹੋਈਆਂ ਹਨ ਜੋ ਜੀਟਰ ਦੀ ਤ੍ਰਾਸਦੀ ਨੂੰ ਸ਼ਿੱਦਤ ਦਿੰਦੀਆਂ ਹਨ।

ਇਸ ਨਾਟਕ ਦਾ ਇਹ ਰੂਪ ਅੱਜ ਤੋਂ 28 ਸਾਲ ਪਹਿਲਾਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰ ਲੋਕ ਨਾਥ ਦੀ ਦੇਣ ਹੈ। ਲੋਕ ਨਾਥ ਹੁਣ ਡਾ. ਲੋਕ ਨਾਥ ਹੈ, ਪੰਜਾਬੀ ਦਾ ਪ੍ਰਸਿੱਧ ਕਵੀ ਹੈ ਅਤੇ ਇਕ ਸਰਕਾਰੀ ਕਾਲਜ ਵਿਚ ਪੰਜਾਬੀ ਦਾ ਪ੍ਰੋਫੈਸਰ ਹੈ। ਨਾਟਕ ਯਥਾਰਥਵਾਦੀ ਕਲਾ ਦੀ ਇਕ ਮਿਸਾਲ ਹੈ। ਲੋਕ-ਪੱਖੀ ਪੰਜਾਬੀ ਨਾਟਕ ਲਹਿਰ ਵਿਚ ਇਹ ਨਾਟਕ ਆਪਣੀ ਥਾਂ ਬਣਾ ਸਕੇਗਾ, ਇਹਦੀ ਪੂਰੀ ਉਮੀਦ ਕੀਤੀ ਜਾ ਸਕਦੀ ਹੈ।

ਪੰਜਾਬੀ ਨਾਟਕ ਸੰਕਟ ਵਿਚ ਹੈ, ਪਰ ਇਸ ਸੰਕਟ ਦਾ ਸਮੁੱਚੇ ਪੰਜਾਬ ਦੇ ਸਮਾਜ ਦੇ ਸੰਕਟ ਦੇ ਸੰਦਰਭ ਵਿਚ ਜੇਕਰ ਵਿਸ਼ਲੇਸ਼ਣ ਕਰੀਏ ਤਾਂ ਇਹ ਵਿਸ਼ਲੇਸ਼ਣ ਮਸਲੇ ਦੀ ਤਹਿ ਤਕ ਪੁੱਜਣ ਵਿਚ ਸਹਾਈ ਹੋ ਸਕਦਾ ਹੈ। ਕਲਾ ਅਤੇ ਜ਼ਿੰਦਗੀ ਨੇ ਨਾਲ ਨਾਲ ਤੁਰਨਾ ਹੁੰਦਾ ਹੈ। ਉਂਜ ਤਾਂ ਇਹ ਗੱਲ ਸਾਹਿਤ ਦੀ ਹਰ ਵਿਧਾ ਉਤੇ ਲਾਗੂ ਹੁੰਦੀ ਹੈ, ਪਰ ਨਾਟਕ ਵਿਧਾ ਵਿਚ ਇਸ ਦੀ ਖਾਸ ਅਹਿਮੀਅਤ ਹੈ। ਨਾਟਕ ਲਹਿਰ ਦੇ ਸੰਦਰਭ ਵਿਚ ਇਹ ਸਮਝਣਾ ਜ਼ਰੂਰੀ ਹੈ।